OFFICE OF THE

# MUNICIPAL COUNCIL, ZIRAKPUR

(Distt. S.A.S. Nagar)

## ਦਫ਼ਤਰ ਨਗਰ ਕੌਂਸਲ, ਜ਼ੀਰਕਪੁਰ (ਜ਼ਿਲ੍ਹਾ ਐਸ.ਏ.ਐਸ.ਨਗਰ)

ਨੰਬਰ.....2523.....

ਮਿਤੀ: 1/10/19

ਵੱਲ,

M/s K.S. Infracon Pvt.Ltd.,
Corp. Office SCO No. 235,
First Floor, Sector-20,
Panchkula.

ਵਿਸ਼ਾ :- ਆਪ ਦੀ ਪ੍ਰਤਿ ਬੇਨਤੀ ਅਨੁਸਾਰ Sh. Dinesh Jindal, Peermuchalla ਦੇ ਰਿਹਾਇਸੀ ਗਰੁੱਪ ਹਾਉਸਿੰਗ ਪ੍ਰੋਜੈਕਟ ਵੇਚਣ ਲਈ M/s K.S. Infracon Pvt.Ltd ਨਾਮ ਤੇ ਤਬਦੀਲ ਕਰਕੇ ਨਗਰ ਕੌਂਸਲ ਦੇ ਰਿਕਾਰਡ ਵਿੱਚ ਦਰਜ ਕਰਵਾਉਣ ਸੰਬਧੀ।

ਉਪਰੋਕਤ ਵਿਸ਼ੇ ਸੰਬਧੀ ਆਪ ਦੀ ਪ੍ਰਤਿ ਬੇਨਤੀ/ਹਲਫੀਆ ਬਿਆਨ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਦਾ ਹੈ ਕਿ ਆਪ ਵੱਲੋਂ ਉਕਤ ਵਿਸ਼ੇ ਅਧੀਨ ਪ੍ਰੋਜੈਕਟ ਜੋ ਕਿ ਨਗਰ ਕੌਂਸਲ ਵੱਲੋਂ ਪੱਤਰ ਨੰ: 7620 ਮਿਤੀ 26-03-2007 ਰਾਂਹੀ ਮੰਨਜ਼ੂਰ ਕੀਤਾ ਹੋਇਆ ਹੈ ਅਤੇ ਇਸ ਨੂੰ ਨਗਰ ਕੌਂਸਲ ਵੱਲੋਂ ਆਪਣੇ ਪੱਤਰ ਨੰ: 2282 ਮਿਤੀ 04-09-2019 ਰਾਂਹੀ ਕੰਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਜਾਰੀ ਕੀਤਾ ਹੋਇਆ ਹੈ ਜੋ ਕਿ ਆਪ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜਾਂ ਅਨੁਸਾਰ ਮੈਸ: ਸ੍ਰੀ ਦਿਨੇਸ਼ ਜਿੰਦਲ ਪਾਸੋਂ ਖਰੀਦ ਕੀਤਾ ਹੋਇਆ ਹੈ ਇਸ ਲਈ ਨਗਰ ਕੌਂਸਲ ਵੱਲੋਂ ਉਕਤ ਮੰਨਜ਼ੂਰ ਨਕਸ਼ਾ ਅਤੇ ਕੰਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ M/s K.S. Infracon Pvt.Ltd. ਦੇ ਨਾਮ ਆਪ ਦੀ ਪ੍ਰਤਿ ਬੇਨਤੀ ਅਨੁਸਾਰ ਨਗਰ ਕੌਂਸਲ ਦੇ ਰਿਕਾਰਡ ਵਿੱਚ ਤਬਦੀਲ ਕਰਕੇ ਦਰਜ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਮੰਨਜ਼ੂਰ ਕੀਤੇ ਹੋਏ ਨਕਸ਼ੇ ਅਤੇ ਕੰਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਨੂੰ ਆਪਣੀ ਕੰਪਨੀ ਦੇ ਨਾਮ ਤੇ ਬੈਂਕ ਲੋਣ ਜਾਂ ਸੇਲ-ਪਰਚੇਜ ਜਾਂ ਹੋਰ ਸਬੰਧਤ ਵਿਭਾਗ ਵਿੱਚ ਵਰਤਿਆ ਜਾਂਦਾ ਹੈ ਤਾਂ ਨਗਰ ਕੌਂਸਲ ਦਫਤਰ ਨੂੰ ਇਸ ਵਿੱਚ ਕੋਈ ਇਤਰਾਜ ਨਹੀ ਹੋਵੇਗਾ। ਇਸ ਸੰਬਧੀ ਜੇਕਰ ਭਵਿੱਖ ਵਿੱਚ ਨਗਰ ਕੌਂਸਲ ਦਾ ਕੋਈ ਬਕਾਇਆ ਨਿਕਲਦਾ ਹੋਇਆ ਤਾਂ ਆਪ ਉਸ ਨੂੰ ਨਗਰ ਕੌਂਸਲ ਦਫਤਰ ਵਿਖੇ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੋਗੇ ਅਤੇ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੇ ਮਾਲਕੀ ਸੰਬਧੀ ਕਿਸੇ ਵੀ ਤਰਾਂ ਦੇ ਝੱਗੜੇ ਆਦਿ ਦੀ ਜਿੰਮੇਵਾਰੀ ਤੁਹਾਡੀ ਸਬੰਧਤ ਕੰਪਨੀ/ M/s K.S. Infracon Pvt.Ltd.ਦੀ ਹੋਵੇਗੀ। ਇਸ ਸਬੰਧੀ ਸਰਕਾਰ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ/ਪਾਪਰਾ ਐਕਟ ਦੀਆਂ ਹਦਾਇਤਾਂ ਦੀ ਇਨ੍ਹ-ਬਿਨ੍ਹ ਪਾਲਣਾ ਕਰਨੀ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਜੀਰਕਪੁਰ।

Scanned by CamScanner

OFFICE OF THE

# MUNICIPAL COUNCIL, ZIRAKPUR

(Distt. S.A.S. Nagar)

## ਦਫਤਰ ਨਗਰ ਕੌਂਸਲ, ਜੀਰਕਪੁਰ (ਜਿਲ੍ਹਾ ਐਸ਼ ਏ. ਐਸ਼ ਨਗਰ)

ਨੰਬਰ ੨੩੬੨ ਮਿਤੀ 5-9-19

ਵੱਲ,

Sh. Dinesh Jindal,
Peermuchalla.

ਵਿਸ਼ਾ - Sh. Dinesh Jindal, Peermuchalla ਦੇ ਰਿਹਾਇਸ਼ੀ ਗਰੁੱਪ ਹਾਊਸਿੰਗ ਪ੍ਰੋਜੈਕਟ ਲਈ ਕੰਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਆਪ ਵੱਲੋਂ ਬਿੱਲਡਿੰਗ ਕੰਪਲੀਟ ਹੋਣ ਉਪਰਾਂਤ ਇਸ ਦਫਤਰ ਵਿਖੇ ਆਪ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਨੂੰ ਮੰਨਦੇ ਹੋਏ, ਆਪ ਦੇ ਰਿਹਾਇਸ਼ੀ ਗਰੁੱਪ ਹਾਊਸਿੰਗ ਪ੍ਰੋਜੈਕਟ ਨੂੰ ਕੰਮਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਨਿਮਨਲਿਖਤ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ :-

1. ਕਿ ਫਾਇਰ ਸੇਫਟੀ ਅਤੇ ਵਾਤਾਵਰਣ ਕਲੀਰੈਂਸ ਸਬੰਧੀ ਮਸ਼ਨੀਰੀ ਨੂੰ ਭਵਿੱਖ ਵਿੱਚ ਮੇਨਟੇਨ ਕਰਨ ਦੇ ਪਾਬੰਦ ਹੋਵੇਗੀ, ਅਤੇ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਰਨਿਊ ਕਰਵਾ ਕੇ ਦੇਣਾ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ।
2. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਸ ਵੀ ਵਿਭਾਗ ਦੀ ਐਨ.ਉ.ਸੀ. ਲੋੜੀਦਾਂ ਹੈ ਉਸ ਨੂੰ ਲੈਣ ਦੇ ਪਾਬੰਦ ਹੋਵੋਗੇ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਜਰੂਰੀ ਹੋਵੇਗੀ।
3. ਇਸ ਬਿਲਡਿੰਗ ਵਿੱਚ ਕਿਸੇ ਵੀ ਤਰ੍ਹਾ ਦੀ ਅਡੀਸ਼ਨ ਅਲਟਰੇਸ਼ਨ ਦੀ ਪੂਰਵ ਪ੍ਰਵਾਨਗੀ ਲੈਣ ਦੇ ਪਾਬੰਦ ਹੋਵੋਗੇ।
4. The Person with disability equal opportunities protection of right & full participation Act, 1955 ਅਤੇ ਰੈਨ ਹਾਰਵੈਸਟਿੰਗ ਸਿਸਟਮ ਅਤੇ ਐਸ.ਟੀ.ਪੀ. ਦਾ ਪ੍ਰਬੰਧ ਹਮੇਸ਼ਾ ਚਾਲੂ ਹਾਲਤ ਵਿੱਚ ਰੱਖਣਾ ਆਪ ਦੀ ਨਿੱਜੀ ਜਿਮੇਂਵਾਰੀ ਹੋਵੇਗੀ।
5. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਾਰਕਿੰਗ ਸਬੰਧੀ ਹਦਾਇਤਾਂ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਨਿਯਮਾਂ ਦੀ ਪਾਲਣਾ ਕਰਨੀ ਆਪ ਦੀ ਜਿੰਮੇਵਾਰੀ ਹੋਵੇਗੀ।
6. ਗਰੁਪ ਹਾਊਸਿੰਗ ਪ੍ਰੋਜੈਕਟ ਨੂੰ ਹੈਂਡਉਵਰ ਕਰਨ ਤੋਂ ਪਹਿਲਾਂ ਪ੍ਰੋਜੈਕਟ ਸਬੰਧੀ ਮੇਨਟੀਨੈਂਸ ਅਤੇ ਲਿਫਟਾਂ, ਟਿਊਬਵੈਲ, ਐਸ.ਟੀ.ਪੀ., ਫਾਇਰ ਫਾਇਟੀਂਗ ਸੀਸਟਮ ਚਾਲੂ/ਸਹੀ ਹਾਲਤ ਵਿੱਚ ਦੇਣਾ ਆਪ ਦੀ ਨਿਜੀ ਜਿੰਮੇਵਾਰੀ ਹੋਵੇਗੀ।
7. ਕਿਸੇ ਵੀ ਸਮੇ ਜੇਕਰ ਆਪ ਦੇ ਪ੍ਰੋਜੈਕਟ ਸੰਬਧੀ ਕੋਈ ਬਕਾਇਆ ਆਦਿ ਨਿਕਲਦਾ ਹੋਇਆ ਤਾਂ ਆਪ ਉਸ ਨੂੰ ਨਗਰ ਕੌਂਸਲ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।
8. ਆਪ ਆਪਣੇ ਪ੍ਰੋਜੈਕਟ ਲਈ ਰੇਰਾ ਦੀਆਂ ਨਿਯਮਾਂ/ਰੂਲ੍ਹਾਂ/ਹਦਾਇਤਾਂ ਅਤੇ ਬਿਲਡਰ ਲਾਇਸੈਂਸ/ਕਲੋਨੀ ਲਾਇਸੈਸ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਆਪ ਦੀ ਨਿਜੀ ਜਿੰਮੇਵਾਰੀ ਹੋਵੇਗੀ।
9. ਪੰਜਾਬ ਪ੍ਰਦੂਸ਼ਣ ਕੰਟਰੋਲ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਉਪਰੋਕਤ ਅਨੁਸਾਰ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਆਪ ਦਾ ਕੰਮਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਜੀਰਕਪੁਰ।